## ਪਾਠ– 7
## ਈ–ਗਵਰਨੈਂਸ

**ਪ੍ਰਸ਼ਨ:1 ਬਹੁਪਸੰਦੀ ਪ੍ਰਸ਼ਨ:**

1. ਹੇਠ ਲਿਖਿਆਂ ਵਿਚੋਂ ਕਿਹੜਾ ਈ-ਗਵਰਨੈਂਸ ਦਾ ਲੇਵਲ ਹੈ?
   ੳ. ਰਾਸ਼ਟਰੀ (National) ਲੇਵਲ   ਅ. ਸਟੇਟ ਲੇਵਲ   ੲ. ਲੋਕਲ ਲੇਵਲ   ਸ. ਉਪਰੋਕਤ ਸਾਰੇ
2. ਹੇਠ ਲਿਖਿਆਂ ਵਿਚੋਂ ਕਿਹੜਾ ਈ-ਗਵਰਨੈਂਸ ਦਾ ਥੰਮ੍ਹ (pillar) ਨਹੀਂ ਹੈ?
   ੳ. ਪੂੰਜੀ (Capital)   ਅ. ਗਿਆਨ (Knowledge)   ੲ. ਕੰਮ ਵਿੱਚ ਦੇਰੀ   ਸ. ਸੰਪਰਕ
3. ਈ-ਗਵਰਨੈਂਸ ਸੇਵਾਵਾਂ ਸਰਕਾਰ ਅਤੇ _______ ਵਿਚਕਾਰ ਸਾਂਝੀਆਂ ਕੀਤੀਆਂ ਜਾਂਦੀਆਂ ਹਨ।
   ੳ. ਨਾਗਰਿਕ (Citizens)   ਅ. ਸਰਕਾਰ (Government)   ੲ. ਵਪਾਰੀ (Businessman)   ਸ. ਇਹ ਸਾਰੇ
4. ਈ-ਗਵਰਨੈਂਸ ਦਾ __________ ਮਾਡਲ ਸਰਕਾਰ ਦੁਆਰਾ ਪ੍ਰਦਾਨ ਕੀਤੀਆਂ ਉਹਨਾਂ ਸੇਵਾਵਾਂ ਨੂੰ ਦਰਸਾਉਂਦਾ ਹੈ ਜੋ ਨਾਗਰਿਕਾਂ ਦੁਆਰਾ ਸਾਂਝੀਆਂ ਕੀਤੀਆਂ ਜਾਂਦੀਆਂ ਹਨ।
   ੳ. G2B   ਅ. G2E   ੲ. G2G   ਸ. G2C
5. ਰਾਸ਼ਟਰੀ ਲੇਵਲ ਦੀਆਂ ਈ-ਗਵਰਨੈਂਸ ਸੇਵਾਵਾਂ ______ ਸਰਕਾਰ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਹਨ।
   ੳ. ਲੋਕਲ (Local)   ਅ. ਸਟੇਟ (State)   ੲ. ਰਾਸ਼ਟਰੀ (National)   ਸ. ਇਹ ਸਾਰੇ

**ਪ੍ਰਸ਼ਨ:2 ਹੇਠ ਲਿਖਿਆਂ ਦੇ ਪੂਰੇ ਰੂਪ ਲਿਖੋ।**

1. G2C   ਗਵਰਨਮੈਂਟ ਟੂ ਸੀਟੀਜ਼ਨ (Government to Citizen)
2. G2G   ਗਵਰਨਮੈਂਟ ਟੂ ਗਵਰਨਮੈਂਟ (Government to Government)
3. G2E   ਗਵਰਨਮੈਂਟ ਟੂ ਇਮਪਲੋਈ (Government to Employee)
4. G2B   ਗਵਰਨਮੈਂਟ ਟੂ ਬਿਜ਼ਨਸਮੈਨ (Government to Businessmen)
5. IRCTC   ਇੰਡੀਅਨ ਰੇਲਵੇ ਕੈਟਰਿੰਗ ਐਂਡ ਟੂਰੀਜ਼ਮ ਕਾਰਪੋਰੇਸ਼ਨ (Indian Railway Catering and Tourism Cooperation)

**ਪ੍ਰਸ਼ਨ:3 ਛੋਟੇ ਉੱਤਰਾਂ ਵਾਲੇ ਪ੍ਰਸ਼ਨ**

**ਪ੍ਰਸ਼ਨ:1 ਚੰਗੀ ਗਵਰਨੈਂਸ (Good Governance) ਨੂੰ ਪਰਿਭਾਸ਼ਿਤ ਕਰੋ।**

ਉੱਤਰ: "ਗਵਰਨੈਂਸ" ਦਾ ਅਰਥ ਹੈ ਫੈਸਲੇ ਲੈਣਾ ਅਤੇ ਉਹਨਾਂ ਨੂੰ ਲਾਗੂ ਕਰਨ ਦੀ ਪ੍ਰਕਿਰਿਆ। ਚੰਗੀ ਗਵਰਨੈਂਸ ਇੱਕ ਸੁਚਾਰੂ ਤਰੀਕੇ ਨਾਲ ਫੈਸਲੇ ਲੈਣ ਅਤੇ ਲਾਗੂ ਕਰਨ ਦੀ ਪ੍ਰਕਿਰਿਆ ਹੈ। ਸਾਧਾਰਨ ਸ਼ਬਦਾ ਵਿਚ ਅਸੀਂ ਕਹਿ ਸਕਦੇ ਹਾਂ ਕਿ ਚੰਗੀ ਗਵਰਨੈਂਸ ਇਕ ਅਜਿਹੀ ਉੱਤਮਪ੍ਰਕਿਰਿਆ ਹੈ ਜੋ 'ਸਹੀ' ਫੈਸਲੇ ਲੈਣ ਅਤੇ ਉਹਨਾਂ ਨੂੰ ਲਾਗੂ ਕਰਨ ਲਈ ਵਰਤੀ ਜਾਂਦੀ ਹੈ।

**ਪ੍ਰਸ਼ਨ:2 ਈ-ਗਵਰਨੈਂਸ ਦੇ ਵੱਖ-ਵੱਖ ਲੇਵਲ ਕਿਹੜੇ ਹਨ?**

ਉੱਤਰ: ਈ-ਗਵਰਨੈਂਸ ਦੇ ਵੱਖ-ਵੱਖ ਲੇਵਲ ਹੇਠਾਂ ਦਿਤੇ ਗਏ ਹਨ:

- ਨੈਸ਼ਨਲ (ਰਾਸ਼ਟਰੀ) ਲੇਵਲ
- ਸਟੇਟ ਲੇਵਲ
- ਲੋਕਲ ਲੇਵਲ (ਸ਼ਹਿਰੀ ਅਤੇ ਪੇਂਡੂ)




**ਪ੍ਰਸ਼ਨ:3 ਈ-ਗਵਰਨੈਂਸ ਦੇ ਚਾਰ ਮੁੱਖ ਥੰਮਾਂ ਦੇ ਨਾਂ ਲਿਖੋ।**

ਉੱਤਰ: ਈ-ਗਵਰਨੈਂਸ ਦੇ ਚਾਰ ਮੁੱਖ ਥੰਮ ਹੇਠ ਲਿਖੇ ਹਨ:

1. ਕਨੈਕਟੀਵਿਟੀ (Connectivity)
2. ਗਿਆਨ (Knowledge)
3. ਡਾਟਾ ਸਮੱਗਰੀ (Data Contents)
4. ਪੂੰਜੀ (Capital)

**ਪ੍ਰਸ਼ਨ:4 ਗਵਰਨੈਂਸ ਅਤੇ ਈ-ਗਵਰਨੈਂਸ ਵਿੱਚ ਅੰਤਰ ਲਿਖੋ।**

ਉੱਤਰ: ਗਵਰਨੈਂਸ ਅਤੇ ਈ-ਗਵਰਨੈਂਸ ਵਿਚ ਮੁੱਖ ਅੰਤਰ ਹੇਠਾਂ ਦਿਤੇ ਗਏ ਹਨ:

| ਗਵਰਨੈਂਸ | ਈ-ਗਵਰਨੈਂਸ |
|---|---|
| • ਗਵਰਨੈਂਸ ਇਕ ਅਜਿਹੀ ਪ੍ਰਕਿਰਿਆ ਹੈ ਜਿਸ ਵਿਚ ਫੈਸਲੇ ਲੈਣ ਅਤੇ ਉਹਨਾਂ ਨੂੰ ਲਾਗੂ ਕਰਨ ਸੰਬੰਧੀ ICT ਦੀ ਵਰਤੋਂ ਨਹੀਂ ਕੀਤੀ ਜਾਂਦੀ।<br>• ਇਹ ਇੱਕ ਤਰਫਾ ਸੰਚਾਰ ਪ੍ਰੋਟੋਕੋਲ ਦੀ ਵਰਤੋਂ ਕਰਦਾ ਹੈ। | • ਈ-ਗਵਰਨੈਂਸ ਇਕ ਅਜਿਹੀ ਪ੍ਰਕਿਰਿਆ ਹੈ ਜਿਸ ਵਿਚ ਲੋਕਾਂ ਨੂੰ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਦੀ ਰੇਂਜ ਅਤੇ ਗੁਣਵੱਤਾ ਨੂੰ ਬਿਹਤਰ ਬਣਾਉਣ ਲਈ ICT ਦੀ ਵਰਤੋਂ ਕੀਤੀ ਜਾਂਦੀ ਹੈ।<br>• ਇਹ ਦੋ-ਤਰਫਾ ਸੰਚਾਰ ਪ੍ਰੋਟੋਕੋਲ ਦੀ ਵਰਤੋਂ ਕਰਦਾ ਹੈ। |

**ਪ੍ਰਸ਼ਨ:5 ਈ-ਗਵਰਨੈਂਸ ਦੇ G2C ਮਾਡਲ ਸੰਬੰਧੀ ਜਾਣਕਾਰੀ ਦਿਓ।**

ਉੱਤਰ: G2C ਦਾ ਪੂਰਾ ਨਾਂ ਗਵਰਨਮੈਂਟ ਟੂ ਸੀਟੀਜ਼ਨ ਹੈ। ਈ-ਗਵਰਨੈਂਸ ਦਾ ਇਹ ਮਾਡਲ ਉਹਨਾਂ ਸਰਕਾਰੀ ਸੇਵਾਵਾਂ ਨੂੰ ਦਰਸਾਉਂਦਾ ਹੈ ਜੋ ਨਾਗਰਿਕਾਂ ਦੁਆਰਾ ਵਰਤੀਆਂ ਜਾਂਦੀਆਂ ਹਨ। ਇਸ ਮਾਡਲ ਵਿੱਚ ਨਾਗਰਿਕ ਵੱਖ-ਵੱਖ ਕਿਸਮਾਂ ਦੀਆਂ ਸੇਵਾਵਾਂ ਲਈ ਸਰਕਾਰ ਦੇ ਅਧਿਕਾਰਤ ਵੈਬ-ਪੋਰਟਲਾਂ ਦੀ ਵਰਤੋਂ ਕਰਦੇ ਹਨ। ਇਹ ਮਾਡਲ ਸਰਕਾਰ ਅਤੇ ਇਸਦੇ ਨਾਗਰਿਕ ਵਿਚਕਾਰ ਸਬੰਧ ਨੂੰ ਮਜ਼ਬੂਤ ਕਰਦਾ ਹੈ। ਆਨਲਾਈਨ ਬਿੱਲਾਂ ਦਾ ਭੁਗਤਾਨ, ਆਨਲਾਈਨ ਪਾਸਪੋਰਟ ਰਜਿਸਟ੍ਰੇਸ਼ਨ ਆਦਿ ਇਸ ਮਾਡਲ ਰਾਹੀਂ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਦੀਆਂ ਉਦਾਹਰਣਾਂ ਹਨ।

## ਪ੍ਰਸ਼ਨ:4 ਵੱਡੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰਸ਼ਨ:1 ਚੰਗੀ ਗਵਰਨੈਂਸ (Good Governance) ਦੀਆਂ ਮੁੱਖ ਵਿਸ਼ੇਸ਼ਤਾਵਾਂ ਲਿਖੋ।**

ਉੱਤਰ: ਚੰਗੇ ਗਵਰਨੈਂਸ ਦੀਆਂ ਕੁਝ ਮਹੱਤਵਪੂਰਨ ਵਿਸ਼ੇਸ਼ਤਾਵਾਂ ਹੇਠਾਂ ਦਿੱਤੀਆਂ ਗਈਆਂ ਹਨ:

1. ਚੰਗਾ ਗਵਰਨੈਂਸ ਆਪਣੇ ਫ਼ੈਸਲਿਆਂ ਲਈ ਲੋਕਾਂ ਨੂੰ ਜਵਾਬਦੇਹ ਹੁੰਦਾ ਹੈ।
2. ਚੰਗਾ ਗਵਰਨੈਂਸ ਪਾਰਦਰਸ਼ੀ ਤਰੀਕੇ ਨਾਲ ਕੰਮ ਕਰਦਾ ਹੈ।
3. ਚੰਗਾ ਗਵਰਨੈਂਸ ਕਾਨੂੰਨ ਦੀ ਪਾਲਣਾ ਕਰਦਾ ਹੈ।
4. ਚੰਗਾ ਗਵਰਨੈਂਸ ਹਮੇਸ਼ਾ ਲੋਕਾਂ ਦੀਆਂ ਲੋੜਾਂ ਨੂੰ ਸਮੇਂ ਸਿਰ ਅਤੇ ਉਚਿਤ ਢੰਗ ਨਾਲ ਪੂਰਾ ਕਰਨ ਦੀ ਕੋਸ਼ਿਸ਼ ਕਰਦਾ ਹੈ।
5. ਚੰਗਾ ਗਵਰਨੈਂਸ ਉਪਲਬਧ ਸਰੋਤਾਂ ਦੀ ਵਧੀਆ ਤਰੀਕੇ ਨਾਲ ਵਰਤੋਂ ਕਰਦੇ ਫੈਸਲਿਆਂ ਨੂੰ ਲਾਗੂ ਕਰਨ ਵਿੱਚ ਕੁਸ਼ਲ ਹੁੰਦਾ ਹੈ।
6. ਚੰਗੇ ਗਵਰਨੈਂਸ ਵਿਚ ਸਾਰੇ ਲੋਕਾਂ ਦੀ ਭਾਗੀਦਾਰੀ ਹੁੰਦੀ ਹੈ, ਭਾਵ ਲੋਕਾਂ ਨੂੰ ਸਰਕਾਰ ਦੇ ਫੈਸਲੇ ਲੈਣ ਦੀ ਪ੍ਰਕਿਰਿਆ ਵਿੱਚ ਹਿੱਸਾ ਲੈਣ ਦਾ ਮੌਕਾ ਮਿਲਦਾ ਹੈ।

**ਪ੍ਰਸ਼ਨ:2 ਈ-ਗਵਰਨੈਂਸ ਕੀ ਹੈ? ਈ-ਗਵਰਨੈਂਸ ਦੇ ਚਾਰ ਮਾਡਲਾਂ ਦੀ ਵਿਆਖਿਆ ਕਰੋ।**

ਉੱਤਰ: ਈ-ਗਵਰਨੈਂਸ ਦਾ ਅਰਥ ਹੈ ਇਲੈਕਟ੍ਰਾਨਿਕ ਗਵਰਨੈਂਸ। ਇਹ ਇਕ ਅਜਿਹੀ ਪ੍ਰਕਿਰਿਆ ਹੈ ਜਿਸ ਵਿਚ ਲੋਕਾਂ ਨੂੰ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਦੀ ਰੇਂਜ ਅਤੇ ਗੁਣਵੱਤਾ ਨੂੰ ਬਿਹਤਰ ਬਣਾਉਣ ਲਈ ICT ਦੀ ਵਰਤੋਂ ਕੀਤੀ ਜਾਂਦੀ ਹੈ। ਈ-ਗਵਰਨੈਂਸ ਨੇ ਸਰਕਾਰ ਦੇ ਕੰਮਕਾਜ ਨੂੰ ਹੋਰ ਪਾਰਦਰਸ਼ੀ ਬਣਾਇਆ ਹੈ।

**ਈ-ਗਵਰਨੈਂਸ ਦੇ ਮਾਡਲ:**

1. **ਗਵਰਨਮੈਂਟ ਤੋਂ ਸੀਟੀਜ਼ਨ (G2C):** ਇਹ ਮਾਡਲ ਉਹਨਾਂ ਸਰਕਾਰੀ ਸੇਵਾਵਾਂ ਨੂੰ ਦਰਸਾਉਂਦਾ ਹੈ ਜੋ ਨਾਗਰਿਕਾਂ ਦੁਆਰਾ ਵਰਤੀਆਂ ਜਾਂਦੀਆਂ ਹਨ। ਉਦਾਹਰਨ ਲਈ: ਆਨਲਾਈਨ ਬਿੱਲਾਂ ਦਾ ਭੁਗਤਾਨ, ਆਨਲਾਈਨ ਪਾਸਪੋਰਟ ਰਜਿਸਟ੍ਰੇਸ਼ਨ ਆਦਿ।
2. **ਗਵਰਨਮੈਂਟ ਟੂ ਬਿਜ਼ਨਸਮੈਨ (G2B):** ਇਹ ਮਾਡਲ ਉਹਨਾਂ ਸਰਕਾਰੀ ਸੇਵਾਵਾਂ ਨੂੰ ਦਰਸਾਉਂਦਾ ਹੈ ਜੋ ਕਾਰੋਬਾਰੀਆਂ ਦੁਆਰਾ ਵਰਤੀਆਂ ਜਾਂਦੀਆਂ ਹਨ। ਉਦਾਹਰਨ ਲਈ: ਟੈਕਸ ਸੰਬੰਧੀ ਸੇਵਾਵਾਂ, ਬਿੱਲਾਂ ਦੀ ਪੇਮੈਂਟ ਆਦਿ।
3. **ਗਵਰਨਮੈਂਟ ਤੋਂ ਇਮਪਲੋਈ (G2E):** ਇਹ ਮਾਡਲ ਉਹਨਾਂ ਸਰਕਾਰੀ ਸੇਵਾਵਾਂ ਨੂੰ ਦਰਸਾਉਂਦਾ ਹੈ ਜੋ ਇਸਦੇ ਕਰਮਚਾਰੀਆਂ ਦੁਆਰਾ ਵਰਤੀਆਂ ਜਾਂਦੀਆਂ ਹਨ। ਉਦਾਹਰਨਾਂ ਲਈ: ਕਰਮਚਾਰੀ ਕਿਸੇ ਵੀ ਕਿਸਮ ਦੇ ਨਿਯਮਾਂ ਸੰਬੰਧੀ ਜਾਣਕਾਰੀ ਹਾਸਿਲ ਕਰ ਸਕਦੇ ਹਨ, ਕਰਮਚਾਰੀ ਆਪਣੇ ਤਨਖਾਹਾਂ ਅਤੇ ਰਿਕਾਰਡ ਆਦਿ ਦੀ ਜਾਂਚ ਕਰ ਸਕਦੇ ਹਨ।
4. **ਗਵਰਨਮੈਂਟ ਤੋਂ ਗਵਰਨਮੈਂਟ (G2G):** ਇਹ ਮਾਡਲ ਉਹਨਾਂ ਸਰਕਾਰੀ ਸੇਵਾਵਾਂ ਨੂੰ ਦਰਸਾਉਂਦਾ ਹੈ ਜੋ ਸਰਕਾਰਾਂ ਵਿਚਕਾਰ ਸਾਂਝੀਆਂ ਹੁੰਦੀਆਂ ਹਨ। ਉਦਾਹਰਨ ਲਈ: ਵੱਖ-ਵੱਖ ਰਾਜਾਂ ਦੇ ਪੁਲਿਸ ਵਿਭਾਗਾਂ ਵਿਚਕਾਰ ਜਾਣਕਾਰੀ ਸਾਂਝੀ ਕਰਨਾ ਆਦਿ।

**ਪ੍ਰਸ਼ਨ:3 ਈ-ਗਵਰਨੈਂਸ ਦੇ ਨੈਸ਼ਨਲ ਲੇਵਲ ਰਾਹੀ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਦੀ ਲਿਸ਼ਟ ਤਿਆਰ ਕਰੋ।**

ਉੱਤਰ: ਨੈਸ਼ਨਲ ਲੇਵਲ 'ਤੇ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਕੁੱਝ ਮਹੱਤਵਪੂਰਨ ਈ-ਗਵਰਨੈਂਸ ਸੇਵਾਵਾਂ ਹੇਠਾਂ ਦਿੱਤੀਆਂ ਗਈਆਂ ਹਨ:

1. ਬੈਂਕਿੰਗ ਸੇਵਾਵਾਂ
2. ਆਧਾਰ ਕਾਰਡ ਨਾਲ ਸੰਬੰਧਤ ਸੇਵਾਵਾਂ
3. ਪਾਸਪੋਰਟ ਸੰਬੰਧੀ ਸੇਵਾਵਾਂ
4. ਇਮੀਗ੍ਰੇਸ਼ਨ ਅਤੇ ਵੀਜ਼ਾ ਸੇਵਾਵਾਂ
2. ਇਨਕਮ ਟੈਕਸ ਰਿਟਰਨ ਭਰਨ ਸੰਬੰਧੀ ਸੇਵਾਵਾਂ
3. ਵੱਖ-ਵੱਖ ਕਿਸਮਾਂ ਦੇ ਟੈਕਸਾਂ ਦਾ ਭੁਗਤਾਨ ਕਰਨ ਸੰਬੰਧੀ ਸੇਵਾਵਾਂ
4. ਕੇਂਦਰੀ ਆਬਕਾਰੀ ਅਤੇ ਕਸਟਮ ਸੇਵਾਵਾਂ
5. ਡਿਜੀਟਲ ਲੈਂਡ ਮੈਨੇਜਮੈਂਟ ਸਿਸਟਮ
6. ਵੋਟਰ ਕਾਰਡ ਸੇਵਾਵਾਂ
7. ਪੈਨ ਕਾਰਡ ਸੇਵਾਵਾਂ

**IRCTC, UMANG, DigiLocker, e-Pramaan** ਆਦਿ ਵੱਖ-ਵੱਖ ਪ੍ਰੋਜੈਕਟਾਂ ਦੀਆਂ ਉਦਾਹਰਣਾਂ ਹਨ ਜੋ ਨੈਸ਼ਨਲ ਲੇਵਲ 'ਤੇ ਸੇਵਾਵਾਂ ਪ੍ਰਦਾਨ ਕਰਨ ਲਈ ਚਲਾਏ ਜਾ ਰਹੇ ਹਨ।

**ਪ੍ਰਸ਼ਨ:4 ਸ਼ਹਿਰੀ ਖੇਤਰਾਂ ਵਿੱਚ ਈ-ਗਵਰਨੈਂਸ ਸੇਵਾਵਾਂ ਦਾ ਵਰਨਣ ਕਰੋ।**

ਉੱਤਰ: ਸ਼ਹਿਰੀ ਖੇਤਰਾਂ ਵਿੱਚ ਪ੍ਰਦਾਨ ਕੀਤੀਆਂ ਜਾਣ ਵਾਲੀ ਈ-ਗਵਰਨੈਂਸ ਸੇਵਾਵਾਂ ਹਨ:

1. ਹਾਊਸ ਟੈਕਸ ਮੁਲਾਂਕਣ ਸੰਬੰਧੀ ਸੇਵਾਵਾਂ
2. ਬਿਲਾਂ ਨੂੰ ਭਰਨ ਸੰਬੰਧੀ ਸੇਵਾਵਾਂ
3. ਜ਼ਮੀਨ ਅਤੇ ਜਾਇਦਾਦ ਦੇ ਰਿਕਾਰਡ ਨੂੰ ਸੰਭਾਲਣ ਸੰਬੰਧੀ ਸੇਵਾਵਾਂ
4. ਪਾਸਪੋਰਟ ਵੈਰੀਫਿਕੇਸ਼ਨ ਸਰਟੀਫਿਕੇਟ ਜਾਰੀ ਕਰਨ ਸੰਬੰਧੀ ਸੇਵਾਵਾਂ
5. ਜਨਮ ਅਤੇ ਮੌਤ ਦਾ ਸਰਟੀਫਿਕੇਟ ਜਾਰੀ ਕਰਨ ਸੰਬੰਧੀ ਸੇਵਾਵਾਂ
6. ਪ੍ਰਾਪਰਟੀ ਦੀ ਰਜਿਸਟ੍ਰੇਸ਼ਨ ਸੰਬੰਧੀ ਸੇਵਾਵਾਂ
7. ਬੁਢਾਪਾ ਪੈਨਸ਼ਨ, ਵਿਧਵਾ ਪੈਨਸ਼ਨ, ਸੁਤੰਤਰਤਾ ਸੈਨਾਨੀ ਪੈਨਸ਼ਨ ਆਦਿ ਵਰਗੀਆਂ ਸੇਵਾਵਾਂ